# ਹਿਰਨ ਅਤੇ ਉਸਦੀਆ ਲੱਤਾਂ

ਇੱਕ ਵਾਰ ਇੱਕ ਹਿਰਨ ਨਦੀ ਵਿੱਚੋਂ ਪਾਣੀ ਪੀ ਰਿਹਾ ਸੀ। ਉਹ ਆਪਣਾ ਪਰਛਾਵਾ ਪਾਣੀ ਵਿੱਚ ਵੇਖਦਾ ਹੈ। ਉਹ ਆਪਣੇ ਲੰਮੇ ਤੇ ਸੋਹਣੇ ਸਿੰਗ ਵੇਖ ਕੇ ਖੁਸ਼ ਹੁੰਦਾ ਹੈ, ਪਰ ਆਪਣੀਆਂ ਪਤਲੀਆਂ ਲੱਤਾਂ ਵੇਖ ਕੇ ਉਦਾਸ ਹੋ ਜਾਂਦਾ ਹੈ। ਅਚਾਨਕ ਉਸਨੂੰ ਸ਼ੇਰ ਦੇ ਗਰਜਣ ਦੀ ਅਵਾਜ਼ ਸੁਣਦੀ ਹੈ। ਉਹ ਵੇਖਦਾ ਹੈ ਕਿ ਸ਼ੇਰ ਉਸ ਵੱਲ ਹੀ ਆ ਰਿਹਾ ਹੈ। ਉਹ ਦੌੜਨਾ ਸ਼ੁਰੂ ਕਰਦਾ ਹੈ। ਹਿਰਨ ਤੇਜ਼ ਤੇਜ਼ ਦੌੜ ਕੇ ਸੰਘਣੇ ਜੰਗਲ ਵਿੱਚ ਸ਼ੇਰ ਤੋਂ ਬਹੁਤ ਦੂਰ ਪਹੁੰਚ ਜਾਂਦਾ ਹੈ। ਫਿਰ ਉਸਨੂੰ ਅਹਿਸਾਸ ਹੁੰਦਾ ਹੈ ਕਿ ਉਸਦੀਆਂ ਪਤਲੀਆਂ ਲੱਤਾਂ ਨੇ ਹੀ ਉਸਦੀ ਜਾਨ ਬਚਾਈ ਹੈ।

**ਸਿੱਖਿਆ: ਹਰੇਕ ਚੀਜ਼ ਦਾ ਮਹੱਤਵ ਹੈ।**